ਜਿਵੇਂ ਚੰਦਰਮਾ 16 ਕਲਾਂ ਨਾਲ ਭਰਪੂਰ ਹੋ ਕੇ ਚਮਕਦਾ ਹੈ ਅਤੇ ਸ੍ਰਿਸ਼ਟੀ ਨੂੰ ਆਨੰਦ ਨਾਲ ਭਰਦਾ ਹੈ, ਉਸੇ ਤਰ੍ਹਾਂ 16 ਭਾਗਾਂ ਵਿਚ ਵੰਡਿਆ ਇਹ ਗ੍ਰੰਥ ਸਾਰਿਆਂ ਦਾ ਕਲਿਆਣ ਕਰਨ ਵਾਲਾ ਹੋਵੇ। - 6

ਜਦ ਤੱਕ ਇਸ ਸੰਸਾਰ ਵਿੱਚ ਸੂਰਜ ਤੇ ਚੰਦ ਦਿਖਾਈ ਦਿੰਦੇ ਹਨ ਤਦ ਤੱਕ ਸੱਜਣਾਂ ਦੇ ਮਨ ਨੂੰ ਇਹ ਸ਼ਾਂਤਸੁਧਾ ਰਸ ਗ੍ਰੰਥ ਖੁਸ਼ੀ ਦਿੰਦਾ ਰਹੇਗਾ ਅਤੇ ਮਨ ਨੂੰ ਸਥਿਰਤਾ ਦੇ ਰਾਹ ਦੀ ਪਗਡੰਡੀ ਦਿਖਾਉਂਦਾ ਰਹੇਗਾ। - 7

# ਅਨੁਵਾਦਕਾਂ ਦੀ ਕਲਮ ਤੋਂ

ਸ਼ਾਂਤਸੁਧਾ ਰਸ ਸੰਸਕ੍ਰਿਤ ਵਿੱਚ ਲਿਖਿਆ ਉਪਾਧਿਆਇ ਸ਼੍ਰੀ ਵਿਨੈ ਵਿਜੈ ਜੀ ਦੀ ਮਹੱਤਵਪੂਰਨ ਰਚਨਾ ਹੈ। ਇਸ ਵਿੱਚ ਆਪ ਨੇ ਆਤਮਾ ਦਾ ਕਲਿਆਣ ਕਰਨ ਵਾਲੀਆਂ 16 ਭਾਵਨਾਵਾਂ ਦਾ ਚਿੰਤਨ ਪੇਸ਼ ਕੀਤਾ ਹੈ। ਇਹ ਸ਼ਾਂਤਸੁਧਾ ਰਸ ਇੱਕ ਅਨੋਖੀ ਅਤੇ ਗਾਈ ਜਾਣ ਵਾਲੀ ਕਵਿਤਾ ਹੈ। ਇਸ ਲਘੂ ਰਚਨਾ ਦੀਆਂ 16 ਭਾਵਨਾਵਾਂ ਦੇ 16 ਪ੍ਰਕਰਣ ਹਨ ਜਿਸ ਨੂੰ ਸਲੋਕ ਅਤੇ ਗੀਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਤਿਆਗ ਮੂਰਤੀ ਉਪਾਧਿਆਇ ਸ਼੍ਰੀ ਵਿਨੈ ਵਿਜੈ ਜੀ ਨੇ ਸ਼ੁਭ ਭਾਵਨਾਵਾਂ ਨਾਲ ਇਹ ਗ੍ਰੰਥ ਸੰਸਾਰ ਦੇ ਅੱਗੇ ਪੇਸ਼ ਕੀਤਾ ਹੈ।

ਇਸ ਰਚਨਾ ਦੇ ਰਚਨਾਕਾਰ ਉਪਾਧਿਆਇ ਸ਼੍ਰੀ ਵਿਨੈ ਵਿਜੈ ਜੀ ਹਨ। ਆਪ ਦਾ ਜਨਮ ਵਿਕਰਮ ਸੰਮਤ 1661 ਨੂੰ ਮਾਤਾ ਰਾਜ ਸ਼੍ਰੀ ਅਤੇ ਪਿਤਾ ਤੇਜ ਪਾਲ ਦੇ ਘਰ ਹੋਇਆ ਅਤੇ ਆਪ ਦਾ ਦੇਵ ਲੋਕ ਵਿਕਰਮ ਸੰਮਤ 1738 ਨੂੰ ਰਾਂਦੇਰ ਵਿਖੇ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਗੁਜਰਾਤੀ ਭਾਸ਼ਾ ਦੇ ਮਹਾਨ ਵਿਦਵਾਨ ਸਨ। ਆਪ ਨੇ ਆਪਣੀ ਜ਼ਿੰਦਗੀ ਵਿੱਚ 40 ਦੇ ਕਰੀਬ ਗ੍ਰੰਥਾਂ ਦੀ ਰਚਨਾ ਕੀਤੀ। ਆਪ ਨੇ ਲੋਕ-ਪ੍ਰਕਾਸ਼ ਜਿਹਾ ਵਿਸ਼ਾਲ ਗ੍ਰੰਥ ਸੰਸਕ੍ਰਿਤ ਸਾਹਿਤ ਨੂੰ ਦਿੱਤਾ। ਇਸ ਗ੍ਰੰਥ ਦੇ ਅੰਤ ਵਿੱਚ ਆਪ ਨੇ ਆਪਣੀ ਜਾਣਕਾਰੀ ਇਸ ਪ੍ਰਕਾਰ ਦਿੱਤੀ ਹੈ। ਅਚਾਰੀਆ ਸ਼੍ਰੀ ਹੀਰ ਵਿਜੈ ਦੇ ਦੋ ਚੇਲੇ ਸਨ। ਜੋ ਸਕੇ ਭਰਾ ਸਨ। ਉਨ੍ਹਾਂ ਦੇ ਨਾਮ ਸਨ ਵਾਚਕ ਸ਼੍ਰੀ ਸੋਮ ਵਿਜੈ ਜੀ ਅਤੇ ਵਾਚਕ ਸ਼੍ਰੀ ਕੀਰਤੀ ਵਿਜੈ ਜੀ। ਵਾਚਕ ਸ਼੍ਰੀ ਕੀਰਤੀ ਵਿਜੈ ਜੀ ਆਪ ਦੇ ਗੁਰੂ ਸਨ। ਇਸ ਗ੍ਰੰਥ ਦੀ ਰਚਨਾ ਸੰਮਤ 1723 ਨੂੰ ਗੰਧਪੁਰ (ਗੰਧਾਰ) ਵਿੱਚ ਸੰਪੂਰਨ ਹੋਈ, ਜੋ ਕਿ ਅਚਾਰਿਆ ਵਿਜੈ ਪ੍ਰਭਵ ਸੂਰੀ ਜੀ ਦੇ ਆਸ਼ੀਰਵਾਦ ਨਾਲ ਪੂਰੀ ਹੋਈ।

ਇਸ ਰਚਨਾ ਵਿੱਚ ਸਾਨੂੰ ਜਿਨ੍ਹਾਂ ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਹੋਇਆ ਹੈ, ਉਹ ਹਨ ਸ਼੍ਰਮਣ ਸੰਘ ਦੇ ਚੌਥੇ ਪਟਧਰ ਜੈਨ ਅਚਾਰਿਆ

ਸਮਰਾਟ ਸ੍ਰੀ ਸ਼ਿਵ ਮੁਨੀ ਜੀ ਮਹਾਰਾਜ, ਗੱਛਾਧਿਪਤੀ ਅਚਾਰਿਆ ਸ੍ਰੀ ਨਿਤਯਾਨੰਦ ਸੁਰੀ ਜੀ ਮਹਾਰਾਜ, ਅਚਾਰਿਆ ਮਹਾਸ਼੍ਰਮਣ ਦੇ ਆਗਿਆਨੁਵਰਤੀ ਤਪੱਸਵੀ ਮੁਨੀ ਸ੍ਰੀ ਜੈ ਚੰਦ ਲਾਲ ਜੀ, ਜੈਨ ਜਯੋਤੀ ਜਿਨ ਸ਼ਾਸਨ ਪ੍ਰਭਾਵਿਕਾ ਸੰਥਾਰਾ ਸਾਧਿਕਾ ਸ੍ਰੀ ਸਵਰਣਕਾਂਤਾ ਜੀ ਮਹਾਰਾਜ ਦੀ ਪ੍ਰਮੁੱਖ ਸ਼ਿਸ਼ ਉਪ-ਪਰਵਰਤਨੀ ਸਾਧਵੀ ਸ੍ਰੀ ਸੁਧਾ ਜੀ ਮਹਾਰਾਜ। ਅਸੀਂ ਇਨ੍ਹਾਂ ਮਹਾਂਪੁਰਖਾਂ ਨੂੰ ਨਮਸਕਾਰ ਕਰਦੇ ਹਾਂ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਨ੍ਹਾਂ ਦਾ ਆਸ਼ੀਰਵਾਦ ਬਣਿਆ ਰਹੇਗਾ।

ਪੁਸਤਕ ਵਿੱਚ ਰਹਿ ਗਈਆਂ ਤਰੁੱਟੀਆਂ ਅਤੇ ਪਰੂਫ ਰੀਡਿੰਗ ਦੀਆਂ ਤਰੁੱਟੀਆਂ ਲਈ ਅਸੀਂ ਖਿਮਾ ਦੇ ਯਾਚਕ ਹਾਂ।

ਮਿਤੀ : 10 ਨਵੰਬਰ, 2012

ਸ਼ੁਭਚਿੰਤਕ

ਮੰਡੀ ਗੋਬਿੰਦਗੜ੍ਹ।

ਪੁਰਸ਼ੋਤਮ ਜੈਨ ਰਵਿੰਦਰ ਜੈਨ

ਪੰਜਾਬੀ ਜੈਨ ਲੇਖਕ

ਮਾਲੇਰਕੋਟਲਾ

# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ਼੍ਰੀ ਪਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ
ਨੂੰ ਜਨਮ ਦਿਨ ਦੇ ਸ਼ੁਭ ਮੌਕੇ ਤੇ
ਸ਼ਰਧਾ ਤੇ ਪ੍ਰੇਮ ਨਾਲ ਭੇਂਟ

**ਭੇਂਟ ਕਰਤਾ : ਰਵਿੰਦਰ ਜੈਨ**

**10-11-2012**